This question paper contains 3 printed pages]

*Your Roll No.................*

**8837**

**B.A. (PROGRAMME)/III** **AS**

**(T)**

PUNJABI DISCIPLINE—Paper III

**(Optional)**

(For Students who have studies Punjabi upto 10th)

*Time* : 3 *Hours* *Maximum Marks* : 100

(*Write your Roll No. on the top immediately on receipt of this question paper.*)

ਨੋਟ :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. ਹੇਠ ਲਿਖੀਆਂ ਕਾਵਿ-ਟੁਕੜੀਆਂ ਵਿਚੋਂ ਕਿਸੇ **ਇਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਤੋਬਾ ਨਾ ਕਰ ਯਾਰ ਕੈਸੀ ਤੋਬਾ ਹੈ ।
ਨਿੱਤ ਪੜ੍ਹਦੇ ਇਸਤਗਫ਼ਾਰ ਕੈਸੀ ਤੋਬਾ ਹੈ ।
ਬੁਲਹੇ ਸ਼ਾਹ ਦੀ ਸੁਣੋ ਹਿਕਾਇਤ
ਹਾਦੀ ਪਕੜਿਆਂ ਹੋਗ ਹਦਾਇਤ
ਮੇਰਾ ਮੁਰਸ਼ਦ ਸ਼ਾਹ ਇਨਾਇਤ
ਓਹ ਲਗਾਏ ਪਾਰ, ਕੈਸੀ ਤੋਬਾ ਹੈ ।

(ਅ) ਪਈ ਝੂਰਦੀ ਏ ਰਾਣੀ ਜਿੰਦ ਕੌਰਾਂ,
ਕਿਥੋਂ ਕਢਾਂ ਮੈਂ ਕਲਗੀਆਂ ਨਿਤ ਤੋੜੇ ।
ਮੇਰੇ ਸਾਹਮਣੇ ਕੋਹਿਆ ਦੇ ਵੀਰ ਮੇਰਾ,
ਜਿਸ ਦੀ ਤਾਬਿਆ ਲੱਖ ਹਜ਼ਾਰ ਘੋੜੇ ।

P.T.O.

ਕਿਥੋਂ ਕਢਾਂ ਮੈਂ ਦੇਸ ਫ਼ਰੰਗੀਆਂ ਦਾ
ਕੋਈ ਮਿਲੇ ਜੋ ਇਨ੍ਹਾਂ ਦਾ ਗਰਬ ਤੋੜੇ ।
ਸ਼ਾਹ ਮੁਹੰਮਦਾ ਉਸ ਥੀਂ ਜਾਨ ਵਾਰਾਂ,
ਜਵਾਹਰ ਸਿੰਘ ਦਾ ਵੈਰ ਜੋ ਕੋਈ ਮੋੜੇ । 5

2. ਹੇਠ ਦਿਤੀਆਂ ਕਿਸੇ ਕਵਿਤਾਵਾਂ ਵਿਚੋਂ ਕਿਸੇ **ਇਕ** ਕਵਿਤਾ ਦੇ ਵਿਸ਼ੇ ਅਤੇ ਕਾਵਿ-ਕਲਾ ਤੇ ਚਰਚਾ ਕਰੋ :

(*i*) ਹੀਰ ਵਾਰਿਸ;

(*ii*) ਵਾਰ ਨਾਦਰ ਸ਼ਾਹ (ਨਜਾਬਤ);

(*iii*) ਜੰਗਨਾਮਾ ਸ਼ਾਹ ਮੁਹੰਮਦ;

(*iv*) ਪੂਰਨ ਭਗਤ (ਕਾਦਰਯਾਰ) । 15

3. ਹੇਠਾਂ ਲਿਖੀਆਂ ਕਹਾਣੀਆਂ ਵਿਚੋਂ ਕਿਸੇ **ਇਕ** ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ :

(*i*) ਭਾਬੀ ਮੈਨਾ;

(*ii*) ਇਕ ਹਉਕਾ;

(*iii*) ਕਰਾਮਾਤ;

(*iv*) ਪ੍ਰੇਮੀ ਦੇ ਨਿਆਣੇ । 20

4. ਪੰਜਾਬੀ ਭਾਸ਼ਾ ਦੇ ਨਿਕਾਸ ਅਤੇ ਵਿਕਾਸ ਉੱਤੇ ਚਰਚਾ ਕਰੋ ।

**ਜਾਂ**

ਭਾਸ਼ਾ ਅਤੇ ਲਿਪੀ ਵਿਚ ਅੰਤਰ ਸਪੱਸ਼ਟ ਕਰਦੇ ਹੋਏ ਗੁਰਮੁਖੀ ਲਿਪੀ ਦੀਆਂ ਵਿਸ਼ੇਸ਼ਤਾਵਾਂ ਦੱਸੋ । 20

5. ਪੰਜਾਬੀ ਸੂਫ਼ੀ ਕਾਵਿ ਦੇ ਵਿਕਾਸ ਵਿਚ ਬੁਲ੍ਹੇ ਸ਼ਾਹ, ਵਜੀਦ, ਅਲੀ ਹੈਦਰ ਆਦਿ ਦੇ ਯੋਗਦਾਨ ਬਾਰੇ ਚਰਚਾ ਕਰੋ ।

ਜਾਂ

18ਵੀਂ ਸਦੀ ਦੇ ਪੰਜਾਬੀ ਕਿੱਸਾ ਕਾਵਿ ਦੇ ਇਤਿਹਾਸ ਉੱਤੇ ਚਰਚਾ ਕਰੋ । 20

6. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਵਿਚ ਉੱਤਰ ਦਿਉ :

(*i*) ਸੂਫ਼ੀ ਕਵੀ ਬੁਲ੍ਹੇ ਸ਼ਾਹ ਨਾਲ ਸੰਖੇਪ ਜਾਣ-ਪਛਾਣ ਕਰਾਉ ।

(*ii*) ਨਿੱਕੀ ਕਹਾਣੀ ਤੋਂ ਕੀ ਭਾਵ ਹੈ ?

(*iii*) ਪੰਜਾਬੀ ਦੀਆਂ ਚਾਰ ਉਪ-ਭਾਸ਼ਾਵਾਂ ਦੇ ਨਾਂ ਲਿਖੋ ।

(*iv*) ਵਾਰਿਸ ਸ਼ਾਹ ਦੇ ਕਿੱਸੇ ਦੇ ਆਰੰਭ ਵਿਚ 'ਮੰਗਲਾਚਰਣ' ਦਾ ਸਾਰ ਲਿਖੋ ।

(*v*) 18ਵੀਂ ਸਦੀ ਦੀ ਵਾਰਤਕ ਦੀਆਂ ਵੰਨਗੀਆਂ ਦਸੋ । $4 \times 5 = 20$